Washington State Department of HEALTH

# ਮਿਆਦ ਨਿਕਲ ਚੁੱਕੇ COVID-19 ਟੈਸਟਾਂ ਬਾਰੇ ਅਕਸਰ ਪੁੱਛੇ ਜਾਣ ਵਾਲੇ ਸਵਾਲ

**ਆਪਣੇ COVID-19 ਟੈਸਟਾਂ ਨੂੰ ਅਜੇ ਨਾ ਸੁੱਟੋ ਜਿਹਨਾਂ ਦੀ ਮਿਆਦ ਨਿਕਲ ਚੁੱਕੀ ਹੈ। ਇਹ ਰਹੇ ਕੁਝ ਤਰੀਕੇ ਜਿਹਨਾਂ ਰਾਹੀਂ ਤੁਸੀਂ ਇਹ ਜਾਣ ਸਕਦੇ ਹੋ ਕਿ ਤੁਹਾਡਾ COVID-19 ਟੈਸਟ ਅਜੇ ਵੀ ਬਾਕਸ 'ਤੇ ਦਿੱਤੀ ਮਿਆਦ ਸਮਾਪਤੀ ਮਿਤੀ ਤੋਂ ਬਾਅਦ ਵਰਤਣ ਲਈ ਠੀਕ ਹੈ ਜਾਂ ਨਹੀਂ।**

## ਕੀ ਮਿਆਦ ਨਿਕਲ ਚੁੱਕੇ COVID-19 ਟੈਸਟ ਦੀ ਵਰਤੋਂ ਕੀਤੀ ਜਾ ਸਕਦੀ ਹੈ?

ਹਾਂ। Washington State Department of Health (DOH, ਵਾਸ਼ਿੰਗਟਨ ਰਾਜ ਸਿਹਤ ਵਿਭਾਗ) ਨੇ ਮਿਆਦ ਨਿਕਲ ਚੁੱਕੇ ਟੈਸਟਾਂ ਦੀ ਵਰਤੋਂ ਲਈ ਅਧਿਕਾਰਤ ਪ੍ਰਵਾਨਗੀ (ਅੰਗਰੇਜ਼ੀ ਵਿੱਚ) ਜਾਰੀ ਕੀਤੀ ਹੈ ਜਦੋਂ ਤੱਕ ਕਿ ਉਹ ਟੈਸਟ ਕੁਆਲਟੀ ਕੰਟਰੋਲ ਨੂੰ ਪਾਸ ਕਰਦਾ ਹੈ, ਜਿਸਦੀ ਜਾਣਕਾਰੀ ਅਸੀਂ ਹੇਠਾਂ ਦਿੱਤੀ ਹੈ।

ਇਸ ਤੋਂ ਇਲਾਵਾ, ਕੁਝ COVID-19 ਟੈਸਟਾਂ ਨੂੰ U.S. Food and Drug Administration (FDA, ਯੂ.ਐਸ. ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ) ਤੋਂ ਸ਼ੈਲਫ-ਲਾਈਫ ਐਕਸਟੈਂਸ਼ਨ ਮਿਲੀ ਹੈ, ਜਿਸ ਨਾਲ ਉਹਨਾਂ ਟੈਸਟਾਂ ਦੀ ਮਿਆਦ ਸਮਾਪਤੀ ਮਿਤੀ ਨੂੰ ਬਾਕਸ 'ਤੇ ਦਿੱਤੀ ਮਿਤੀ ਤੋਂ ਅੱਗੇ ਵਧਾ ਦਿੱਤਾ ਗਿਆ ਹੈ। ਕਿਹੜੇ ਟੈਸਟਾਂ ਦੀ ਮਿਆਦ ਸਮਾਪਤੀ ਮਿਤੀ ਅੱਪਡੇਟ ਕੀਤੀ ਗਈ ਹੈ ਇਹ ਜਾਣਨ ਲਈ ਤੁਸੀਂ FDA ਟੈਸਟਾਂ ਦੀ ਸੂਚੀ ਜਿਹਨਾਂ ਦੀ ਸ਼ੈਲਫ ਲਾਈਫ ਅੱਗੇ ਵਧਾਈ ਗਈ ਹੈ (ਅੰਗਰੇਜ਼ੀ ਅਤੇ ਸਪੈਨਿਸ਼ ਵਿੱਚ) ਨੂੰ ਪੜ੍ਹ ਸਕਦੇ ਹੋ। ਜੇਕਰ ਟੈਸਟ ਦੀ ਅੱਪਡੇਟ ਕੀਤੀ ਮਿਆਦ ਸਮਾਪਤੀ ਮਿਤੀ ਵੀ ਹੁਣ ਬੀਤ ਚੁੱਕੀ ਹੈ, ਤਾਂ ਫਿਰ ਵੀ DOH ਦੇ ਅਨੁਸਾਰ, ਤੁਸੀਂ ਟੈਸਟ ਦੀ ਵਰਤੋਂ ਕਰ ਸਕਦੇ ਹੋ ਜੇਕਰ ਉਹ ਟੈਸਟ ਕੁਆਲਟੀ ਕੰਟਰੋਲ ਨੂੰ ਪਾਸ ਕਰਦਾ ਹੈ।

ਸਿੱਟਾ: ਤੁਸੀਂ ਮਿਆਦ ਨਿਕਲ ਚੁੱਕੇ ਟੈਸਟ ਦੀ ਵਰਤੋਂ ਕਰ ਸਕਦੇ ਹੋ ਜੇਕਰ ਉਹ ਟੈਸਟ ਬਿਲਟ-ਇਨ ਕੁਆਲਟੀ ਕੰਟਰੋਲ ਜਾਂਚ ਨੂੰ ਪਾਸ ਕਰਦਾ ਹੈ।

## ਮੈਨੂੰ ਕਿਵੇਂ ਪਤਾ ਲੱਗੇਗਾ ਕਿ ਜਿਸ COVID-19 ਟੈਸਟ ਦੀ ਮਿਆਦ ਨਿਕਲ ਚੁੱਕੀ ਹੈ ਉਹ ਮੈਨੂੰ ਸਹੀ ਨਤੀਜੇ ਦੇਵੇਗਾ?

ਤੁਹਾਡੇ COVID-19 ਟੈਸਟ ਦੇ ਨਾਲ ਹਿਦਾਇਤਾਂ ਦਿੱਤੀਆਂ ਹੋਣਗੀਆਂ, ਜਿਸ ਨੂੰ "ਕੁਆਲਟੀ ਕੰਟਰੋਲ" ਵੀ ਕਿਹਾ ਜਾਂਦਾ ਹੈ, ਅਤੇ ਇਸ ਰਾਹੀਂ ਤੁਸੀਂ ਯਕੀਨੀ ਬਣਾ ਸਕਦੇ ਹੋ ਕਿ ਟੈਸਟ ਭਰੋਸੇਮੰਦ ਢੰਗ ਨਾਲ ਕੰਮ ਕਰ ਰਿਹਾ ਹੈ ਜਾਂ ਨਹੀਂ। ਤੁਸੀਂ ਆਮ ਤੌਰ 'ਤੇ ਟੈਸਟ ਦੀ ਹਿਦਾਇਤਾਂ ਵਾਲੀ ਸ਼ੀਟ 'ਤੇ ਟੈਸਟ ਨਤੀਜਾ ਭਾਗ ਵਿੱਚ ਕੁਆਲਟੀ ਕੰਟਰੋਲ ਦੀ ਪ੍ਰਕਿਰਿਆ ਲੱਭ ਸਕਦੇ ਹੋ। ਬਹੁਤ ਸਾਰੇ ਘਰੇਲੂ ਟੈਸਟਾਂ ਦੀ ਕੁਆਲਟੀ ਕੰਟਰੋਲ ਪ੍ਰਕਿਰਿਆ ਵਿੱਚ ਸਿਰਫ਼ ਇਹ ਯਕੀਨੀ ਬਣਾਉਣ ਦੀ ਲੋੜ ਪੈਂਦੀ ਹੈ ਕਿ ਟੈਸਟ ਕਾਰਟਰਿਜ 'ਤੇ ਸੈਂਪਲ ਪਾਉਣ ਤੋਂ ਪਹਿਲਾਂ ਉਸ ਉੱਤੇ ਛਪੇ ਹੋਏ "C" ਦੇ ਅੱਗੇ ਲਾਈਨ ਦਿਖਾਈ ਦੇ ਰਹੀ ਹੋਵੇ। ਜੇਕਰ ਕੁਆਲਟੀ ਕੰਟਰੋਲ ਦੀ ਪ੍ਰਕਿਰਿਆ ਅਸਫਲ ਹੋ ਜਾਂਦੀ ਹੈ, ਤਾਂ ਤੁਹਾਨੂੰ ਟੈਸਟ ਸੁੱਟ ਦੇਣਾ ਚਾਹੀਦਾ ਹੈ।

## ਟੈਸਟ ਦੀ ਸ਼ੈਲਫ ਲਾਈਫ ਵਧਾਉਣ ਦਾ ਫੈਂਸਲਾ ਕਿਵੇਂ ਲਿਆ ਜਾਂਦਾ ਹੈ?

COVID-19 ਟੈਸਟਾਂ ਦੇ ਨਿਰਮਾਤਾ ਅਧਿਐਨ ਕਰਕੇ ਇਹ ਪਤਾ ਲਗਾਉਂਦੇ ਹਨ ਕਿ ਟੈਸਟ ਨੂੰ ਕਦੋਂ ਤੱਕ ਵਰਤਿਆ ਜਾ ਸਕਦਾ ਹੈ। ਮਿਆਦ ਸਮਾਪਤੀ ਮਿਤੀਆਂ ਨੂੰ ਅੱਗੇ ਵਧਾਉਣ ਲਈ ਮਨਜ਼ੂਰੀ ਦੇਣ ਵਾਸਤੇ FDA ਇਸ ਡੇਟਾ ਨੂੰ ਟਰੈਕ ਕਰਦਾ ਹੈ। COVID-19 ਟੈਸਟਾਂ ਦੀ ਸ਼ੈਲਫ-ਲਾਈਫ ਨੂੰ ਅੱਗੇ ਵਧਾਉਣਾ ਆਮ ਹੈ ਕਿਉਂਕਿ ਹੁਣ ਇਸ ਬਾਰੇ ਹੋਰ ਡੇਟਾ ਵੀ ਪ੍ਰਾਪਤ ਹੋ ਰਿਹਾ ਹੈ ਕਿ ਇਹ ਟੈਸਟ ਕਿੰਨੇ ਸਮੇਂ ਤੱਕ ਚੱਲ ਸਕਦੇ ਹਨ।

ਅਸੀਂ ਉਮੀਦ ਕਰਦੇ ਹਾਂ ਕਿ ਬਾਕਸ 'ਤੇ ਦਿੱਤੀ ਮਿਆਦ ਸਮਾਪਤੀ ਮਿਤੀ ਦੇ ਆਧਾਰ 'ਤੇ ਮਿਆਦ ਨਿਕਲ ਚੁੱਕੇ ਟੈਸਟਾਂ ਦੀ ਵਰਤੋਂ ਕਰਦੇ ਸਮੇਂ ਇਹ ਜਾਣਕਾਰੀ ਤੁਹਾਨੂੰ ਭਰੋਸਾ ਦਵਾਏਗੀ। ਹੁਣ ਤੁਹਾਨੂੰ ਪਤਾ ਲੱਗ ਗਿਆ ਹੋਵੇਗਾ ਕਿ ਇਹ ਕਿਵੇਂ ਦੇਖਣਾ ਹੈ ਕਿ ਤੁਹਾਡਾ COVID-19 ਟੈਸਟ ਵਰਤਣ ਲਈ ਠੀਕ ਹੈ ਜਾਂ ਹੈ: ਬਸ ਕੁਆਲਟੀ ਕੰਟਰੋਲ ਲਈ ਟੈਸਟ ਹਿਦਾਇਤਾਂ ਦੀ ਪਾਲਣਾ ਕਰੋ। ਜੇਕਰ ਟੈਸਟ ਕੁਆਲਟੀ ਕੰਟਰੋਲ ਨੂੰ ਪਾਸ ਕਰਦਾ ਹੈ, ਤਾਂ ਇਹ ਅਜੇ ਵੀ ਵਰਤਣ ਲਈ ਸੁਰੱਖਿਅਤ ਅਤੇ ਠੀਕ ਹੈ।

ਸਾਡੇ ਭਾਈਚਾਰਿਆਂ ਨੂੰ ਸੁਰੱਖਿਅਤ ਅਤੇ ਸਿਹਤਮੰਦ ਰੱਖਣ ਲਈ ਤੁਸੀਂ ਜੋ ਵੀ ਕਰ ਰਹੇ ਹੋ ਉਸ ਲਈ ਤੁਹਾਡਾ ਧੰਨਵਾਦ!

ਕਿਸੇ ਹੋਰ ਫਾਰਮੈਟ ਵਿੱਚ ਇਸ ਦਸਤਾਵੇਜ਼ ਲਈ ਬੇਨਤੀ ਕਰਨ ਵਾਸਤੇ, 1-800-525-0127 'ਤੇ ਕਾਲ ਕਰੋ। ਬਹਿਰੇ ਗਾਹਕ ਜਾਂ ਜਿੰਨ੍ਹਾਂ ਗਾਹਕਾਂ ਨੂੰ ਉੱਚਾ ਸੁਣਦਾ ਹੈ, ਉਹ ਕਿਰਪਾ ਕਰਕੇ 711 (Washington Relay) 'ਤੇ ਕਾਲ ਜਾਂ civil.rights@doh.wa.gov 'ਤੇ ਈਮੇਲ ਕਰਨ।

DOH 421-037 February 2023 Punjabi